## ਸੰਪਾਦਕ ਦੀ ਕਲਮ 'ਚੋਂ ...

ਮੁਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਨਵਾਂ ਸਾਲ ਹਰੇਕ ਲਈ ਖੁਸ਼ੀਆਂ ਭਰਿਆ ਹੋਵੇ

ਨਵੇ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਹੀ ਬੀਤੇ ਕੁਝ ਸਾਲਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਪਹਿਲਾਂ ਨਵੇਂ ਸਾਲ ਦੀਆਂ ਮੁਬਾਰਕਾਂ ਦੀਆਂ ਤਿਆਰੀਆਂ ਕਈ ਕਈ ਦਿਨ ਪਹਿਲਾ ਸ਼ੁਰੂ ਹੋ ਜਾਂਦੀਆਂ ਸਨ ਪਰ ਹੁਣ ਤਾ ਨਵੇਂ ਵਰ੍ਹੇ ਦੀ ਵਧਾਈ ਕੁਝ ਮਿੰਟਾਂ ਦੀ ਖੇਡ ਰਹਿ ਗਈ। ਐਸ. ਐਮ. ਐਸ. ਅਤੇ ਈ-ਮੇਲ ਨੇ ਗਰੀਟਿੰਗ ਕਾਰਡ ਦੀ ਮਹੱਤਤਾ ਬਿਲਕੁਲ ਖਤਮ ਕਰ ਦਿੱਤੀ ਹੈ। ਮੈਸੇਜ ਅੱਜ ਜ਼ਿੰਦਗੀ ਦਾ ਅਹਿਮ ਅੰਗ ਬਣ ਗਏ ਹਨ। ਜਦੋਂ ਮੋਬਾਇਲ ਫੋਨ ਦਾ ਪ੍ਰਸਾਰ ਹੋਇਆ ਉਦੋਂ ਮੈਸੇਜ ਹੋਂਦ ਵਿਚ ਆ ਗਏ ਪਰ ਪਿਛਲੇ 7-8 ਸਾਲਾਂ ਤੋਂ ਤਾ ਮੈਸੇਜ ਦਾ ਬਹੁਤ ਹੀ ਜ਼ਿਆਦਾ ਪ੍ਰਸਾਰ ਹੋ ਗਿਆ ਹੈ। ਜਦੋਂ ਤੋਂ ਮੈਸੇਜ ਹੋਂਦ ਵਿਚ ਆਏ ਹਨ ਉਦੋਂ ਤੋਂ ਗਰੀਟਿੰਗ ਕਾਰਡ ਤੇ ਚਿੱਠੀਆਂ ਦੀ ਮਹੱਤਤਾ ਤਾਂ ਬਿਲਕੁਲ ਖ਼ਤਮ ਹੋ ਗਈ।

ਪਰ ਆਪਣੇ ਮਿਤਰ ਪਿਆਰਿਆਂ ਦੀਆਂ ਨਵੇਂ ਸਾਲ ਦੀ ਮੁਬਾਰਕਾਂ ਦੀ ਉਡੀਕ ਤਾਂ ਸ਼ਾਇਦ ਹਰੇਕ ਇਨਸਾਨ ਨੂੰ ਹੀ ਰਹਿੰਦੀ ਹੈ। ਇਕ ਦਿਨ ਮੈਂ ਸੁਣੀਆ ਕੁਝ ਔਰਤਾਂ ਸਾਡੇ ਦਫਤਰ ਮੂਹਰੇ ਖੜੀਆਂ ਐਸ.ਐਮ.ਐਸ. ਬਾਰੇ ਗੱਲਾਂ ਕਰ ਰਹੀਆਂ ਸਨ ਕਿ "ਇਹ ਤਾਂ ਚਿੱਠੀਆਂ ਹੀ ਦੁਆਰਾ ਚੱਲ ਪਈਆਂ। ਫਰਕ ਇਹ ਹੈ ਕਿ ਚਿੱਠੀਆਂ ਕਾਗਜ਼ਾਂ ਤੇ ਲਿਖੀਆਂ ਜਾਂਦੀਆਂ ਸੀ ਤੇ ਆਹ ਮੈਸੇਜ ਜੇ, ਲੋਕ ਆਪਣੇ ਮੋਬਾਇਲਾਂ ਤੇ ਭੇਜਦੇ ਰਹਿੰਦੇ ਆ।"

ਉਨ੍ਹਾਂ ਦੀ ਗੱਲ ਕੁਝ ਹੱਦ ਤੱਕ ਸਹੀ ਵੀ ਹੈ ਪਰ ਚਿੱਠੀਆਂ ਚਿੱਠੀਆਂ ਸਨ। ਆਪਣੇ ਮਿੱਤਰ ਪਿਆਰਿਆਂ, ਸਾਕ-ਸਬੰਧੀਆਂ ਤੇ ਭੈਣਾ-ਭਰਾਵਾਂ ਦੀਆਂ ਨਵੇਂ ਸਾਲ ਦੀਆਂ ਮੁਬਾਰਕਾਂ ਦੀਆਂ ਲੰਮੀਆਂ-ਲੰਮੀਆਂ ਚਿੱਠੀਆਂ ਪੜ੍ਹਦਿਆਂ ਰਾਤਾਂ ਬੀਤ ਜਾਂਦੀਆਂ ਸਨ। ਕਈ-ਕਈ ਦਿਨ ਤਾ ਆਪਣੇ ਸਨੇਹੀਆਂ ਦੇ ਨਵੇਂ ਸਾਲ ਦੇ ਗਰੀਟਿੰਗ ਕਾਰਡ ਉਡੀਕਦਿਆਂ ਹੀ ਲੰਘ ਜਾਂਦੇ ਸਨ। ਪਰ... ਹੁਣ ਮੋਬਾਇਲਾਂ ਰਾਹੀਂ ਇਹ ਸਾਰਾ ਪ੍ਰਸੀਜਰ ਕੁਝ ਸਕਿੰਟਾਂ ਦੀ ਖੇਡ ਬਣ ਕੇ ਰਹਿ ਗਿਆ ਹੈ।

ਨਵੇਂ ਸਾਲ ਦਾ ਚਾਅ ਵੀ ਹੁਣ ਪਹਿਲਾਂ ਵਾਂਗ ਨਹੀਂ ਰਿਹਾ। ਪਹਿਲਾਂ ਦੂਰਦਰਸ਼ਨ ਕੇਦਰ ਜਲੰਧਰ ਤੋ ਪ੍ਰਸਾਰਨ ਹੋਣ ਵਾਲਾ ਨਵੇਂ ਸਾਲ ਦਾ ਪ੍ਰੋਗਰਾਮ ਬਹੁਤ ਖਾਸੀਅਤ ਰੱਖਦਾ ਸੀ। ਕਈ ਹਫਤਿਆਂ ਦੇ ਇਤਜ਼ਾਰ ਮਗਰੋਂ ਨਵੇਂ ਸਾਲ ਦਾ ਪ੍ਰੋਗਰਾਮ ਦੇਖਣਾ ਨਸੀਬ ਹੁੰਦਾ ਸੀ। ਹੁਣ ਤਾਂ ਦੂਰਦਰਸ਼ਨ ਨੂੰ ਕੋਈ ਦੇਖਣਾ ਵੀ ਪਸੰਦ ਨਹੀਂ ਕਰਦਾ, ਬੱਸ! ਪਿੰਡਾਂ ਦੇ ਕੁਝ ਦਰਸ਼ਕ ਜਾਂ ਜੋ ਦਰਸ਼ਕ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ ਉਹ ਹੀ ਦੂਰਦਰਸ਼ਨ ਕੇਂਦਰ ਦੇ ਪ੍ਰੋਗਰਾਮ ਦਾ ਇਤਜ਼ਾਰ ਕਰਦੇ ਹਨ। ਹੁਣ ਚੈਨਲਾਂ ਦੀ ਭਰਮਾਰ ਹੀ ਇੰਨੀ ਹੋ ਗਈ ਹੈ ਕਿ ਪਤਾ ਹੀ ਨਹੀਂ ਲੱਗਦਾ ਕਿ ਕਿਹੜੇ ਚੈਨਲ ਤੇ ਕਿਹੜਾ ਪ੍ਰੋਗਰਾਮ ਆਉਣਾ ਹੈ।

ਹਰ ਬੀਤੇ ਸਾਲ ਦੀਆਂ ਕੁੱਝ ਮਾੜੀਆਂ ਚੰਗੀਆਂ ਘਟਨਾਵਾਂ ਹੁੰਦੀਆਂ ਹਨ ਜੋ ਆਪਣੇ ਨਿਸ਼ਾਨ ਛੱਡ ਜਾਦੀਆਂ ਹਨ ਜਿਵੇਂ ਕਿ ਬੀਤੇ ਵਰ੍ਹੇ 2015 ਵਿਚ ਦਿਲਾਂ ਨੂੰ ਵਲੂੰਧਰ ਦੇਣ ਵਾਲੀ ਘਟਨਾ ਵਾਪਰੀ, ਜਿਸ ਬਾਰੇ ਆਪ ਸਭ ਭਲੀ ਭਾਂਤ ਜਾਣੂੰ ਹੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਿਨ੍ਹਾਂ ਦਾ ਓਟ ਆਸਰਾ ਲੈ ਕੇ ਅਸੀਂ ਹਰ ਕੰਮ ਆਰੰਭ ਕਰਦੇ ਹਾਂ ਅਤੇ ਸੰਪੂਰਨਾ ਤੇ ਉਨ੍ਹਾਂ ਦਾ ਹੀ ਧੰਨਵਾਦ ਕਰਦੇ ਹਾਂ। ਸਿਆਸੀ ਸਤਰੰਜ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹੀ ਬੇਅਦਬੀ ਕੀਤੀ ਗਈ। ਇਸ ਤੋਂ ਘਿਨਾਉਣੀ ਹਰਕਤ ਹੋਰ ਕੀ ਹੋ ਸਕਦੀ ਹੈ। 2016 ਵੀ ਬੀਤ ਗਿਆ ਅਤੇ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਦਾ ਪਤਾ ਥੇਹ ਲੱਗਿਆ ਅਤੇ ਨਾ ਹੀ ਅਜਿਹੀਆਂ ਘਿਨਾਉਣੀਆਂ ਹਰਕਤਾਂ ਬੰਦ ਹੋਈਆਂ।

ਖੈਰ! ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਉਹ ਅਜਿਹੀਆਂ ਘਿਨਾਉਣੀਆਂ ਹਰਕਤਾਂ ਕਰਨ ਵਾਲਿਆਂ ਅਤੇ ਕਰਵਾਉਣ ਵਾਲਿਆਂ ਨੂੰ ਸੁਮੱਤ ਬਖਸ਼ੇ। ਬਹੁਤੀਆਂ ਘਟਨਾਵਾਂ ਤਾ ਅਜਿਹੀਆ ਹੁੰਦੀਆਂ ਹਨ ਜੋ ਹਰ ਸਾਲ ਹੀ ਵਾਪਰਦੀਆਂ ਹਨ। ਹਰ ਸਾਲ ਦੇ ਸ਼ੁਰੂ ਵਿੱਚ ਅਸੀ ਦੁਆਵਾਂ ਕਰਦੇ ਹਾਂ ਕਿ ਜੋ ਮਾੜਾ ਬੀਤੇ ਵਰ੍ਹੇ ਬੀਤਿਆ ਹੈ ਉਹ ਨਵੇਂ ਸਾਲ ਵਿੱਚ ਨਾ ਵਾਪਰੇ ਪਰ......? ਹਰ ਸਾਲ ਕੈਲੰਡਰ ਬਦਲ ਜਾਦੇ ਹਨ, ਡਾਈਰੀਆਂ ਬਦਲ ਜਾਦੀਆਂ ਹਨ, ਜੰਤਰੀਆ ਬਦਲ ਜਾਦੀਆਂ ਹਨ ਪਰ......? ਸਿਆਸਤਦਾਨਾਂ ਵੱਲੋਂ ਸੱਤਾ ਵਿੱਚ ਕਾਬਜ ਹੋਣ ਲਈ ਵਰਤੇ ਜਾਂਦੇ ਜਾਇਜ਼ ਅਤੇ ਨਜਾਇਜ਼ ਢੰਗ ਨਹੀਂ ਬਦਲਦੇ। ਸਰਕਾਰੀ ਮੁਲਾਜਮਾਂ ਵੱਲੋ ਮਾੜੇ ਮੋਟੇ ਕੰਮ ਲਈ, ਲਈ ਜਾਣ ਵਾਲੀ ਰਿਸ਼ਵਤ ਦੇ ਢੰਗ ਨਹੀ ਬਦਲਦੇ। ਆਪਣੀ ਸੱਤਾ ਤੇ ਲੰਮਾ ਸਮਾਂ ਕਾਬਜ ਰਹਿਣ ਲਈ ਪਾਣੀ ਵਾਗ ਵਹਾਏ ਜਾਣ ਵਾਲੇ ਨਜਾਇਜ਼ ਪੈਸਾ ਬਣਾਉਣ ਦੇ ਢੰਗ ਨਹੀ ਬਦਲਦੇ। ਨਿੱਤ ਸੁਨਣ ਵਿੱਚ ਆਉਦੀਆਂ ਬਲਾਤਕਾਰ ਦੀਆਂ ਮਾੜੀਆਂ ਘਟਨਾਵਾਂ ਨਹੀ ਬਦਲਦੀਆਂ। ਪੈਸੇ ਦੀ ਅੰਨੀ ਦੌੜ ਮਗਰ ਭੱਜਦੇ ਹੋਏ ਭਰਾ ਹੱਥੋਂ ਭਰਾ ਦਾ ਕਤਲ ਹੋ ਜਾਣ ਵਰਗੀਆ ਘਟਨਾਵਾਂ ਨਹੀ ਬਦਲਦੀਆਂ।

ਇਹ ਸਭ ਕੁੱਝ ਕਿਵੇ ਬਦਲੇਗਾ? ਇਹ ਸਭ ਕੁਝ ਕਿਸੇ ਦੈਵੀ ਸ਼ਕਤੀ ਨੇ ਨਹੀ ਬਦਲਣਾ ਇਹ ਤਾਂ, ਤਾਂ ਹੀ ਬਦਲੇਗਾ ਜੇਕਰ ਹਰ ਇਨਸਾਨ ਆਪਣੇ ਬੀਤੇ ਵਰ੍ਹੇ ਵਿੱਚ ਜੋ ਵੀ ਬੀਤਿਆ ਉਸ ਸਾਰੇ ਦਾ ਆਪਣੇ ਆਪ ਵਿੱਚ ਵਿਸ਼ਲੇਸ਼ਨ ਕਰੇ ਅਤੇ ਮਾੜੇ ਵਰਤਾਰੇ ਦੇ ਖਿਲਾਫ, ਆਪਣੇ ਹੱਕਾਂ, ਹਿੱਤਾਂ ਲਈ ਲੜ ਮਰਨ ਲਈ ਤਤਪਰ ਹੋਵੇ। ਪਰ ਅੱਜ ਇਨਸਾਨ ਅੰਦਰ ਆਪਣੇ ਹੱਕਾਂ, ਹਿੱਤਾਂ ਤੇ ਮਾੜੇ ਵਰਤਾਰੇ ਦੇ ਖਿਲਾਫ ਲੜਨ ਦੀ ਤਾਕਤ ਘੱਟ ਗਈ ਹੈ। ਸਮੂੰਹਿਕ ਬਲਾਤਕਾਰ ਵਰਗੀਆਂ ਭੈੜੀਆਂ ਤੇ ਦਿਲ ਕੰਬਾਊ ਘਟਨਾਵਾਂ ਬਾਰੇ ਸੋਚ ਕੇ ਵੀ ਉਸ ਦਾ ਖੂਨ ਨਹੀਂ ਖੌਲਦਾ। ਜੇਕਰ ਕਿਸੇ ਹਿੰਮਤੀ ਪੁਰਸ਼ ਦਾ ਖੂਨ ਖੌਲਦਾ ਵੀ ਹੈ ਤਾ ਉਸ ਦੀ ਇੰਨੀ ਹਿੰਮਤ ਨਹੀਂ ਪੈਂਦੀ ਕਿ ਉਹ ਕੁਝ ਬੋਲ ਸਕੇ। ਕਿਉਂਕਿ ਘਿਨਾਉਣੀਆਂ ਹਰਕਤਾਂ ਕਰਨ ਵਾਲਿਆਂ ਨਾਲ ਸਮੇਂ ਦੀਆਂ ਸਰਕਾਰਾਂ ਦਾ ਚੰਗਾ ਲਗਾਉ ਹੁੰਦਾ ਹੈ। ਹਿੰਮਤੀ ਇਨਸਾਨ ਦੀ ਹਿੰਮਤ ਸਿਆਸਤ ਸਕਿੰਟਾਂ ਵਿੱਚ ਦਬਾ ਦਿੰਦੀ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਜ਼ੁਲਮ ਖਿਲਾਫ ਕੁਝ ਹੋ ਹੀ ਨਹੀਂ ਸਕਦਾ। ਲੋਕ ਏਕਤਾ ਵਿਚ ਬਹੁਤ ਸ਼ਕਤੀ ਹੈ। ਬੱਸ! ਜ਼ਰੂਰਤ ਹੈ ਅਮਨ, ਸ਼ਾਂਤੀ ਲਈ ਅਤੇ ਜਬਰ ਜ਼ੁਲਮ ਖਿਲਾਫ ਮਸ਼ਾਲ ਬਾਲਣ ਦੀ। ਫੇਰ ਬੀਤੇ ਸਾਲ ਦਾ ਲੇਖਾ ਜੋਖਾ ਕਰਕੇ, ਬੁਰਾਈ ਖਿਲਾਫ ਵਿੱਢੀ ਲੜਾਈ ਦਾ ਮੋਰਚਾ ਫਤਹਿ ਕਰਕੇ ਨਵਾਂ ਸਾਲ ਮੁਬਾਰਕ ਕਹਿਣ ਦਾ ਆਨੰਦ ਆਵੇਗਾ।

ਆਓ ਕਾਮਨਾ ਕਰੀਏ ਕਿ ਆਉਣ ਵਾਲੇ ਸਾਲ ਵਿੱਚ ਸਭ ਨੂੰ ਸੁੱਖ ਮਿਲੇ। ਮਨੁੱਖ ਏਨਾ ਸੋਝੀਵਾਨ ਹੋ ਜਾਵੇ ਕਿ ਉਹ ਰੁੱਖਾਂ ਨੂੰ ਕੱਟਣ ਦੀ ਬਜਾਏ ਆਪਣੇ ਦੇਸ, ਆਪਣੀ ਧਰਤੀ ਨੂੰ ਹਰਾ ਭਰਿਆ ਰੱਖੇ। ਕੋਈ ਮਨੁੱਖ ਦਾਜ ਦਾ ਲਾਲਚੀ ਨਾ ਰਹੇ, ਕੰਨਿਆਂ ਆਪਣੇ ਬਾਬਲ ਦੀ ਪੱਗੜੀ ਦੀ ਲਾਜ ਰੱਖਣ ਦੇ ਸਮਰੱਥ ਹੋਵੇ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਕੋਈ ਕੰਨਿਆਂ ਨੂੰ ਪੇਟ ਵਿੱਚ ਨਾ ਮਾਰੇ। ਨੇਤਾਵਾਂ ਦੇ ਅੰਦਰਲੇ ਸ਼ੈਤਾਨ ਮਰ ਜਾਣ, ਸਾਰੇ ਨੇਤਾ ਰਿਸ਼ਵਤ ਮੁਕਤ ਹਿੰਦੁਸਤਾਨ ਦੀ ਸਿਰਜਣਾ ਕਰਨ। ਕੋਈ ਸਰਕਾਰ ਜ਼ਰੂਰਤ ਦੀਆਂ ਚੀਜ਼ਾਂ ਮਹਿੰਗੀਆਂ ਨਾ ਕਰੇ ਸਕੇ।
ਇਸ ਧਰਤੀ ਤੇ ਕੋਈ ਭੁੱਖਾ ਨਾ ਸੌਂਵੇ। ਵਿਦਿਆ ਦਾ ਚਾਨਣ ਘਰ ਘਰ ਪਹੁੰਚੇ।
ਆਉਣ ਵਾਲਾ ਸਾਲ ਹਰੇਕ ਲਈ ਖੁਸ਼ੀਆਂ ਭਰਿਆ ਹੋਵੇ।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
Monthly 'Mehak Watan Di Live' Moga ● ਲਾਈਵ

Title Regd. No. PunPun-04016 | Year 2 | Edition 10 | Issue Date 1-1-2017

Chief Editor : Bhawandeep Singh Purba
Vice-Chief Editor : Bhagwanti Purba
Editor in Canada : Bhajan Singh Bahmba
Online Editor : Kamaljeet Singh Purba
Legal Advisior : Advocate Nasib Bawa
Chief Advisor : Jasvir Singh Lohara
Religion Editor : Sadhu Singh Dhamu
Sub-Editor : Iqbal Khosa, Jasvir Singh Purain



Indian Office
The Mehak Watan Di Live
Defance Colony, Amritsar Road,
Moga - 142 001 (Pb.)
Help Line : 9988 92 9988
E-mail :
chief_editor@mehakwatandilive.com

Canada Office
Mehak Watan Di Media Group
2250, Bovaird Drive East # 502
Brampton (Ontario) L6R 0W3
Help Line : 647 960 0200
E-mail :
editor_canada@mehakwatandilive.com

www.mehakwatandilive.com

ਮਿਸ਼ੀਸਾਗਾ ਵਿਖੇ ਨੈਨੀ ਦੀ ਜ਼ਰੂਰਤ
ਬਜ਼ੁਰਗ ਔਰਤ ਦੀ ਦੇਖਭਾਲ ਲਈ ਮਿਸ਼ੀਸਾਗਾ ਵਿਖੇ ਨੈਨੀ ਦੀ ਜ਼ਰੂਰਤ ਹੈ।
* ਹ.ਫਤੇ ਵਿਚ 2-3 ਦਿਨ ਅਤੇ 5 ਰਾਤਾਂ ਨੂੰ ਕੰਮ
* ਚੰਗੀ ਤਨਖਾਹ ਅਤੇ ਖਾਣ-ਪੀਣ ਦਾ ਪ੍ਰਬੰਧ
ਇਮਾਨਦਾਰ ਲੇਡੀ ਵਰਕਰ ਦੀ ਲੋੜ ਹੈ
ਹੋਰ ਜਾਣਕਾਰੀ ਲਈ ਕਾਲ ਕਰੋ :
416 953 5579

'ਮਹਿਕ ਵਤਨ ਦੀ ਲਾਈਵ' ਸਬੰਧੀ ਹਰ ਪ੍ਰਕਾਰ ਦਾ ਚੰਦਾ ਸਿਰ.ਫ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ ਜੋ ਮੋਗਾ (ਪੰਜਾਬ) ਵਿਚ ਭੁਗਤਾਨ ਯੋਗ ਹੋਵੇ। ਜਾਂ ਤੁਸੀਂ ਆਪਣਾ ਚੰਦਾ ਸਾਡੇ ਅਕਾਊਂਟ ਨੰਬਰ CA-64/000066/Mehak Wattan Di (IFSC Code Corp0000664) ਕਾਰਪੋਰੇਸ਼ਨ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। - ਸੰਪਾਦਕ

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।